JETIR.ORG ISSN: 2349-5162 | ESTD Year : 2014 | Monthly Issue
JOURNAL OF EMERGING TECHNOLOGIES AND INNOVATIVE RESEARCH (JETIR)
An International Scholarly Open Access, Peer-reviewed, Refereed Journal


# ਕਿਰਨਜੀਤ ਕੌਰ , ਡਾ. ਜੋਤੀ ਸ਼ਰਮਾ, ਐਸੋਸੀਏਟ ਪ੍ਰੋਫ਼ੈਸਰ, ਦੇਸ਼ ਭਗਤ ਯੂਨੀਵਰਸਿਟੀ


## ਆਧੁਨਿਕ ਯੁੱਗ ਵਿੱਚ ਨਾਰੀ ਦਾ ਯੋਗਦਾਨ

ਨਾਵਲ ਆਧੁਨਿਕ ਸਾਹਿਤ ਦਾ ਇਕ ਪ੍ਰਮੁੱਖ ਰੂਪ ਹੈ।ਇਸ ਦੀ ਮਹੱਤਤਾ ਦਾ ਅੰਦਾਜ਼ਾ ਵੀ ਇਸ ਗੱਲ ਤੋਂ ਲਾਇਆ ਜਾਂਦਾ ਹੈ ਕਿ ਵੀਹਵੀਂ ਸਦੀ ਵਿੱਚ ਹੋਂਦ ਗ੍ਰਹਿਣ ਕਰਕੇ ਇਸ ਨੇ ਮਹੱਤਵਪੂਰਨ ਸਥਾਨ ਹਾਸਿਲ ਕਰ ਲਿਆ। ਆਧੁਨਿਕ ਯੁੱਗ ਵਿਚ ਸਾਹਿਤ ਦੇ ਇਸ ਰੂਪ ਦਾ ਵਿਸ਼ੇਸ਼ ਸਥਾਨ ਹੈ। ਨਾਵਲ ਸ਼ਬਦ ਦੀ ਉਤਪੱਤੀ ਇਟੈਲੀਅਨ ਸ਼ਬਦ ਨੌਵੇਲਾ ਜਾਂ ਖਬਰ। ਅੱਜ-ਕੱਲ ਇਹ ਸ਼ਬਦ ਵਾਰਤਕ ਵਿੱਚ ਲਿਖਿਆ ਜਾਂਦਾ ਹੈ।ਜਿਨ੍ਹਾਂ ਵਿੱਚ ਕੁਝ ਪਾਤਰ ਜੀਵਨ ਦੇ ਸੰਘਰਸ਼ ਵਿੱਚ ਰੁੱਝੇ ਹੁੰਦੇ ਹਨ ਅਤੇ ਰੋਜ਼ ਮਰ੍ਹਾ ਦੇ ਜੀਵਨ ਵਿੱਚ ਵਾਪਰਨ ਵਾਲੀਆਂ ਨਵੀਨ ਘਟਨਾਵਾਂ ਉੱਪਰ ਜ਼ੋਰ ਦਿੱਤਾ ਹੈ।ਪੰਜਾਬੀ ਨਾਵਲ ਦਾ ਜਨਮ ਪੱਛਮੀ ਸਾਹਿਤ ਦੇ ਪਏ ਪ੍ਰਭਾਵਾਂ ਦਾ ਸਿੱਟਾ ਹੈ।ਇਹ ਪ੍ਰਭਾਵ ਪੰਜਾਬੀ ਨਾਵਲ ਉੱਤੇ ਸਿੱਧਾ ਨਹੀਂ ਸਗੋਂ ਬੰਗਾਲੀ, ਉਰਦੂ ਅਤੇ ਹਿੰਦੀ ਰਾਹੀਂ ਪਿਆ ਹੈ।ਇਸ ਕਾਲ ਵਿਚ ਪੰਜਾਬੀ ਨਾਵਲ ਕਈ ਪੜ੍ਹਾਵਾਂ ਵਿਚੋਂ ਦੀ ਲੰਘਿਆ ਹੈ।

ਪੰਜਾਬੀ ਵਿੱਚ ਪੰਜਾਬੀ ਨਾਵਲ ਦੀ ਸ਼ੁਰੂਆਤ ਭਾਈ ਵੀਰ ਸਿੰਘ ਦੀ ਮੌਲਿਕ ਰਚਨਾ 'ਸੁੰਦਰੀ' ਨਾਵਲ ਨਾਲ ਹੋਈ। ਭਾਈ ਵੀਰ ਸਿੰਘ ਦਾ ਇਹ ਪਹਿਲਾ ਇਤਿਹਾਸਿਕ ਨਾਵਲ ਸੀ। ਉਸਦੇ ਸਮਕਾਲੀ ਨਾਵਲਕਾਰ ਸ. ਚਰਨ ਸਿੰਘ ਸ਼ਹੀਦ ਅਤੇ ਭਾਈ ਮੋਹਨ ਸਿੰਘ ਵੈਦ ਸਨ। ਪੰਜਾਬੀ ਨਾਵਲ ਦਾ ਦੂਜਾ ਦੌਰ 1930 ਈ. ਦੇ ਆਸ ਪਾਸ ਸ਼ੁਰੂ ਹੁੰਦਾ ਹੈ। ਇਸ ਸਮੇਂ ਤੱਕ ਧਾਰਮਿਕ ਸੁਧਾਰਵਾਦ ਦੀ ਪ੍ਰਵਿਤੀ ਮੱਧਮ ਪੈਂਦੀ ਜਾ ਰਹੀ ਸੀ। ਇਸ ਦੌਰ ਦੇ ਨਾਵਲਕਾਰ ਸ. ਗੁਰਬਖਸ਼ ਦਿਸੰਘ ਪ੍ਰੀਤਲੜੀ, ਸ. ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਪ੍ਰੋ. ਸੰਤ ਸਿੰਘ ਸੇਖੋਂ, ਸੋਹਣ ਸਿੰਘ ਸੀਤਲ, ਸੁਰਿੰਦਰ ਸਿੰਘ ਨਰੂਲਾ, ਪ੍ਰਮੁੱਖ ਹਨ। ਇਸੇ ਤਰ੍ਹਾਂ ਤੀਜੇ ਦੌਰ ਦੇ ਨਾਵਲਕਾਰਾਂ ਵਿਚ ਡਾ. ਸੁਰਜੀਤ ਸਿੰਘ ਸੇਠੀ, ਪ੍ਰੋ. ਨਿਰੰਜਨ ਤਸਨੀਮ ਪੰਜਾਬੀ ਦੇ ਪ੍ਰਯੋਗਵਾਦੀ ਨਾਵਲ ਦੀ ਪ੍ਰਤੀਨਿਧਤਾ ਕਰਨ ਵਾਲੇ ਨਾਵਲਕਾਰ ਹਨ। ਇਸ ਤੋਂ ਇਲਾਵਾ ਦਲੀਪ ਕੌਰ ਟਿਵਾਣਾ ਅਤੇ ਬਲਜੀਤ ਕੌਰ ਬੱਲੀ ਦੇ ਨਾਂ ਆਉਂਦੇ ਹਨ।

ਨਵੀਂ ਪੀੜੀ ਦੇ ਨਾਵਲਕਾਰ ਬਲਦੇਵ ਸਿੰਘ ਜੋਗਿੰਦਰ ਸਿੰਘ ਕੈਰੋਂ, ਕਰਮਜੀਤ ਸਿੰਘ ਕੁੱਸਾ, ਸੁਰਜੀਤ ਹਾਂਸ, ਜਸਵੀਰ ਮੰਡ ਆਦਿ ਹਨ। ਕਈ ਪਰਵਾਸੀ ਨਾਵਲਕਾਰ ਵੀ ਹੋਏ ਹਨ। ਜਿਨ੍ਹਾਂ ਨੇ ਮਹੱਤਵਪੂਰਨ ਯੋਗਦਾਨ ਪਾਇਆ। ਇਨ੍ਹਾਂ ਵਿੱਚ ਦਰਸ਼ਨ ਸਿੰਘ ਧੀਰ, ਜਗਜੀਤ ਬਰਾੜ ਆਦਿ ਨਾਂ ਵਰਣਨਯੋਗ ਹਨ।

ਦਲੀਪ ਕੌਰ ਟਿਵਾਣਾ ਤੀਜੇ ਦੌਰ ਦੀ ਨਾਵਲਕਾਰ ਹੈ। ਦਲੀਪ ਕੌਰ ਟਿਵਾਣਾ ਪੰਜਾਬੀ ਸਾਹਿਤ ਦੇ ਗਲਪ ਸੰਸਾਰ ਵਿਚ ਇੱਕ ਸਥਾਪਿਤ ਨਾਮ ਹੈ। ਉਸਦੀਆਂ ਲਿਖ਼ਤਾ ਦਾ ਘੇਰਾ ਬਹੁਤ ਵਿਸ਼ਾਲ ਹੈ। ਪੰਜਾਬੀ ਸਾਹਿਤ ਵਿੱਚ ਉਸਨੇ ਆਪਣਾ ਸਾਹਿਤਕ ਸਫਰ ਕਹਾਣੀ ਤੋਂ ਆਰੰਭ ਕੀਤਾ ਹੈ। ਦਲੀਪ ਕੌਰ ਟਿਵਾਣਾ ਦਾ ਜਨਮ 4 ਮਈ, 1935 ਈ. ਨੂੰ ਪਿੰਡ ਰੱਬੋ, ਜਿਲ੍ਹਾ ਲੁਧਿਆਣਾ ਵਿਖੇ ਹੋਇਆ। ਦਲੀਪ ਕੌਰ ਟਿਵਾਣਾ ਨੂੰ ਉਨ੍ਹਾਂ ਦੀ ਭੂਆ ਨੇ ਗੋਦ ਲਿਆ ਸੀ। ਜਿਸ ਕਾਰਨ ਦਲੀਪ ਕੌਰ ਟਿਵਾਣਾ ਆਪਣੀ ਭੂਆ ਦੇ ਨਾਲ ਪਟਿਆਲਾ ਵਿਖੇ ਰਹਿੰਦੀ ਸੀ। ਦਲੀਪ ਕੌਰ ਟਿਵਾਣਾ ਨੇ ਐਮ.ਏ ਪੰਜਾਬ ਯੂਨੀਵਰਸਿਟੀ ਤੋਂ ਕੀਤੀ। 1963 ਈ. ਵਿੱਚ ਦਲੀਪ ਕੌਰ ਟਿਵਾਣਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਲੈਕਚਰਾਰ ਲੱਗੀ ਤੇ ਫਿਰ ਪ੍ਰੋਫੈਸਰ ਬਣ ਗਈ।

ਦਲੀਪ ਕੌਰ ਟਿਵਾਣਾ ਨੇ ਆਪਣੀਆਂ ਲਿਖਤਾਂ ਵਿੱਚ ਇਸਤਰੀ ਦੀ ਤ੍ਰਾਸਦੀ ਪੀੜਾ ਦਾ ਜ਼ਿਕਰ ਕੀਤਾ ਹੈ। 'ਕਲਯੁੱਗ, ਰਥ ਅਗਨ ਕਾ ਅਤੇ ਅਹੰਮ' ਨਾਵਲਿਟ ਵਿੱਚ ਉਸਨੇ ਇੱਕ ਮਾਂ ਨੂੰ ਸਮਰਪਣ ਕੀਤਾ ਜੋ ਆਖਦੀ ਹੁੰਦੀ ਸੀ ਬੰਦੇ ਨੂੰ ਮੌਤ ਅਤੇ ਰੱਬ ਕਦੇ ਨਹੀਂ ਭੁੱਲਣੇ ਚਾਹੀਦੇ। ਦਲੀਪ ਕੌਰ ਟਿਵਾਣਾ ਨੇ 42 ਨਾਵਲ, 13 ਕਹਾਣੀਆਂ, 7 ਸਵੈ-ਜੀਵਨੀਆਂ ਅਤੇ ਮੋਹਨ ਸਿੰਘ ਦੀਵਾਨਾ ਦੀ ਜੀਵਨੀ ਲਿਖੀ।

ਨਾਵਲ ਜੇ ਕਿੱਧਰੇ ਰੱਬ ਟਕਰਾਜੇ ਵਿਚ ਆਰਥਿਕ ਸਥਿਤੀ, ਅੰਧ-ਵਿਸ਼ਵਾਸ਼ ਅਤੇ ਔਰਤ ਦੀ ਮਜ਼ਬੂਰੀ ਅਤੇ ਪੀੜ੍ਹਾ ਨੂੰ ਦਰਸਾਇਆ ਗਿਆ ਕਿ ਜਿਸ ਤਰ੍ਹਾਂ ਇਕ ਔਰਤ ਦੀ ਬੰਦੇ ਤੋਂ ਬਿਨ੍ਹਾਂ ਜ਼ਿੰਦਗੀ ਰੁੱਲ ਜਾਂਦੀ ਹੈ। ਉਸਨੂੰ ਸਮਾਜ ਵਿੱਚ ਨਕਾਰਿਆ ਜਾਂਦਾ ਹੈ।

**ਵਿਸ਼ੇ ਤੇ ਪਹਿਲਾਂ ਹੋਏ ਕਾਰਜ ਦਾ ਸਰਵੇਖਣ ਅਤੇ ਮੁਲਾਂਕਣ:- (Review of Literature)**

ਮੈਂ ਇਸ ਖੋਜ਼ ਕਾਰਜ ਲਈ ਵੱਖ-ਵੱਖ ਯੂਨੀਵਰਸਿਟੀਆਂ ਜਾ ਕੇ ਸਰਵੇਖਣ ਕੀਤਾ। ਇਸ ਸਰਵੇਖਣ ਦੌਰਾਨ ਮੈਂ ਪੰਜਾਬ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਗਈ। ਜਿਸ ਦੌਰਾਨ ਮੈਂ ਦਲੀਪ ਕੌਰ ਟਿਵਾਣਾ ਦੇ ਐਮ. ਫਿਲ ਅਤੇ ਪੀ.ਐੱਚ.ਡੀ ਦੇ ਥੀਸਿਜ਼ਾ ਦਾ ਅਧਿਐਨ ਕੀਤਾ। ਦਲੀਪ ਕੌਰ ਟਿਵਾਣਾ ਦੇ ਪੀ.ਐੱਚ.ਡੀ ਅਤੇ ਅਤੇ ਐਮ ਫਿਲ ਦੇ ਖੋj ਨਿਬੰਧ ਯੂਨੀਵਰਸਿਟੀਆਂ ਤੋਂ ਪ੍ਰਾਪਤ ਹੋਏ ਹਨ। ਇਸ ਵਿਸ਼ੇ ਨਾਲ ਸਬੰਧਿਤ ਜੋ ਖੋj ਪ੍ਰਾਪਤ ਹੋਏ ਹਨ, ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ:-

**ਨਿਰਮਲਜੀਤ ਕੌਰ** :ਦਲੀਪ ਕੌਰ ਟਿਵਾਣਾ ਦੇ ਨਾਵਲ 'ਕਥਾ ਕਰੋ ਉਰਵਸ਼ੀ ਵਿੱਚ ਦ੍ਰਿਸ਼ਟ ਅਤੇ ਅਦ੍ਰਿਸ਼ਟ ਨਾਰੀ ਚੇਤਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ 2003

**ਚਰਨਜੀਤ ਕੌਰ** :ਦਲੀਪ ਕੌਰ ਟਿਵਾਣਾ ਅਤੇ ਅੰਮ੍ਰਿਤਾ ਪ੍ਰੀਤਮ ਦੇ ਨਾਰੀ ਪਾਤਰਾਂ ਦਾ ਤੁਲਨਾਤਮਕ ਅਧਿਐਨ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 1999

**ਸਰਬਜੀਤ ਕੌਰ** :ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿੱਚ ਸੱਭਿਆਚਾਰਕ ਅਵਚੇਤਨ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 2005

ਸੁਖਪਾਲ ਕੌਰ :ਦਲੀਪ ਕੌਰ ਟਿਵਾਣਾ ਦੇ ਨਾਵਲਾਂ ਦੇ ਬਦਲਦੇ ਪਰਿਪੇਖ ਵਿੱਚ ਔਰਤ ਦੇ ਵਿਭਿੰਨ, ਬਿੰਬ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 2006

ਹਰਪ੍ਰੀਤ ਕੌਰ :ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿੱਚ ਨਾਰੀਵਾਦੀ ਦ੍ਰਿਸ਼ਟੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 2002

ਕੁਲਵਿੰਦਰ ਕੌਰ :ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿੱਚ ਪੇਂਡੂ ਅਤੇ ਸ਼ਹਿਰੀ ਜੀਵਨ ਦੇ ਸੰਦਰਭ ਦਾ ਦਵੰਦ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 1999

ਭਾਗ ਸਿੰਘ :ਦਲੀਪ ਕੌਰ ਟਿਵਾਣਾ ਅਤੇ ਕ੍ਰਿਸ਼ਨਾ ਸੋਬਤੀ ਦਾ ਨਾਵਲਾਂ ਵਿੱਚ ਨਾਰੀ ਚੇਤਨਾ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995

ਦਲੀਪ ਕੌਰ ਟਿਵਾਣਾ ਦੇ ਨਾਵਲ ਜੇ ਕਿੱਧਰੇ ਰੱਬ ਟਕਰਾਜੇ ਦਾ ਵਿਸ਼ੇਗਤ ਅਧਿਐਨ ਖੋਜ ਪੱਖ ਤੋਂ ਅਣਛੋਹਿਆ ਹੈ। ਇਸ ਲਈ ਇਸ ਨੂੰ ਖੋਜ ਕਾਰਜ ਦਾ ਆਧਾਰ ਬਣਾਇਆ ਗਿਆ ਹੈ।

**ਅਧਿਐਨ ਦੀ ਜ਼ਰੂਰਤ (Need of Study)**

ਗਿਆਨ ਵਿੱਚ ਵਾਧਾ ਕਰਨਾ ਖੋਜ ਕਾਰਜ ਦਾ ਮੁੱਖ ਪ੍ਰਕਾਰਜ ਹੈ। ਮਨੁੱਖ ਅੰਦਰ ਵਧੇਰੇ ਜਾਣਕਾਰੀ ਹਾਸਿਲ ਕਰਨ ਲਈ ਸ਼ੰਕਿਆਂ ਨੂੰ ਦੂਰ ਕਰਨ ਲਈ ਖੋj ਦੀ ਜ਼ਰੂਰਤ ਪੈਂਦੀ ਹੈ। ਇੱਕ ਚੰਗੇ ਖੋਜਾਰਥੀ ਨੂੰ ਉਹ ਵਿਸ਼ਾ ਚੁਣਨਾ ਚਾਹੀਦਾ ਹੈ ਜਿਸ ਵਿੱਚ ਉਸਦੀ ਰੁਚੀ ਹੋਵੇ। ਖੋਜਾਰਥੀ ਆਪਣੀ ਰੁਚੀ ਅਨੁਸਾਰ ਹੀ ਇੱਕ ਵਧੀਆਂ ਵਿਸ਼ੇ ਦੀ ਚੋਣ ਕਰ ਸਕਦਾ ਹੈ। ਮੇਰੇ ਖੋj ਕਾਰਜ ਦਾ ਵਿਸ਼ਾ ਦਲੀਪ ਕੌਰ ਟਿਵਾਣਾ ਦੇ ਨਾਲ ਜੇ ਕਿੱਧਰੇ ਰੱਬ ਟਕਰਾਜੇ ਦਾ ਵਿਸ਼ੇਗਤ ਅਧਿਐਨ ਹੈ। ਇਸ ਵਿਸ਼ੇ ਦੇ ਅਧਿਐਨ ਰਾਹੀਂ ਔਰਤ ਦੀ ਤ੍ਰਾਸ਼ਦੀ, 1974 ਦੀ ਵੰਡ ਦਾ ਦੁਖਾਂਤ, ਨਿਮਨ ਕਿਰਸਾਨੀ ਅਤੇ ਅਣਜੋੜ ਵਿਆਹ ਨੂੰ ਖੋਜ ਬਿਰਤੀ ਰਾਹੀਂ ਸਮਝਿਆ ਤੇ ਪੇਸ਼ ਕੀਤਾ ਜਾਵੇਗਾ।

**ਵਿਸ਼ੇ ਦੀ ਸੀਮਾ (Delimitation of study)**

ਇਸ ਖੋਜ ਕਾਰਜ ਲਈ 'ਦਲੀਪ ਕੌਰ ਟਿਵਾਣਾ ਦੇ ਨਾਵਲ 'ਜੇ ਕਿੱਧਰੇ ਰੱਬ ਟਕਰਾਜੇ' ਦਾ ਵਿਸ਼ੇਗਤ ਅਧਿਐਨ ਕੀਤਾ ਜਾਵੇਗਾ। ਇਸ ਵਿੱਚ ਵਿਸ਼ੇ ਨਾਲ ਸੰਬੰਧਿਤ ਘਟਨਾਵਾਂ, ਔਰਤ ਦੀ ਤ੍ਰਾਸਦੀ, 1947 ਦੀ ਵੰਡ ਨਿਮਨ ਕਿਰਸਾਨੀ ਤੇ ਕੇਂਦਰਿਤ ਹੋ ਕੇ ਖੋਜ ਦੀ ਸੀਮਾ ਨੂੰ ਨਿਰਧਾਰਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਵਿਸ਼ੇ ਨਾਲ ਸੰਬੰਧਿਤ ਸਾਰੇ ਤੱਥਾਂ ਨੂੰ ਵਿਸਥਾਰਪੂਰਵਕ ਪੇਸ਼ ਕੀਤਾ ਜਾਵੇਗਾ।

**ਉਦੇਸ਼- (Objective)**

ਹਰ ਇੱਕ ਖੋਜ ਕਾਰਜ ਦਾ ਕੋਈ ਨਾ ਕੋਈ ਉਦੇਸ਼ ਜਰੂਰ ਹੁੰਦਾ ਹੈ। ਉਦੇਸ਼ ਤੋਂ ਬਿਨ੍ਹਾਂ ਖੋਜ ਕਾਰਜ ਸੰਪੂਰਨ ਨਹੀਂ ਮੰਨਿਆ ਜਾਂਦਾ। ਮੇਰੇ ਇਸ ਖੋਜ ਕਾਰਜ ਦਾ ਉਦੇਸ਼ 'ਦਲੀਪ ਕੌਰ ਟਿਵਾਣਾ ਦੇ ਨਾਵਲ ਜੇ ਕਿੱਧਰੇ ਰੱਬ ਟਰਰਾਜੇ ਦਾ ਵਿਸ਼ੇਗਤ' ਅਧਿਐਨ ਕਰਨਾ ਹੈ। ਦਲੀਪ ਕੌਰ ਟਿਵਾਣਾ ਨੇ ਇਸ ਵਿਸ਼ੇ ਵਿੱਚ 1947 ਦੀ ਵੰਡ ਦੇ ਦੁਖਾਂਤ, ਇਸਤਰੀ ਦੀ ਪੀੜਾ ਅਤੇ ਨਿਮਨ ਕਿਰਸਾਨੀ ਨੂੰ ਪੇਸ਼ ਕੀਤਾ ਹੈ। ਇਸ ਖੋਜ ਕਾਰਜ ਰਾਹੀਂ ਇਹਨਾਂ ਵਿਸ਼ਿਆਂ ਦੇ ਧਾਰਮਿਕ, ਆਰਥਿਕ,

ਸਮਾਜਿਕ ਸਥਿਤੀਆਂ, ਜਿਹਨਾਂ ਕਰਕੇ ਇਹ ਉਪਜੇ ਹਨ, ਉਨ੍ਹਾਂ ਦੀ ਵਿਸ਼ੇਗਤ ਅਧਿਐਨ ਕਰਨਾ ਇਸ ਖੋਜ ਦਾ ਮੁੱਖ ਉਦੇਸ਼ ਹੈ।

**ਖੋਜ ਦਾ ਖੇਤਰ (Area of study)**

ਖੋਜ ਦਾ ਖੇਤਰ ਬਹੁਤ ਵਿਸ਼ਾਲ ਹੈ। ਖੋਜ ਦੀ ਕੋਈ ਸੀਮਾ ਨਿਰਧਾਰਿਤ ਨਹੀਂ ਕੀਤੀ ਜਾ ਸਕਦੀ। ਪਰ ਕਿਸੇ ਖੋਜ ਕਾਰਜ ਨੂੰ ਸੰਪੰਨ ਕਰਨ ਲਈ ਇੱਕ ਨਿਸ਼ਚਿਤ ਖੋਜ ਖੇਤਰ ਤੇ ਵਿਸ਼ਾ ਨਿਰਧਾਰਿਤ ਕੀਤਾ ਜਾਂਦਾ ਹੈ। ਇਸ ਖੋਜ ਕਾਰਜ ਦਾ ਖੇਤਰ ਅੰਧ-ਵਿਸ਼ਵਾਸ਼, 1947 ਦੀ ਵੰਡ, ਨਿਮਨ ਕਿਰਸਾਨੀ ਅਤੇ ਔਰਤ ਦੀ ਤ੍ਰਾਸਦੀ ਦਾ ਅਧਿਐਨ ਕਰਨਾ ਅਤੇ ਇਹਨਾਂ ਪੱਖਾਂ ਨੂੰ ਵਿਸਥਾਰ ਸਹਿਤ ਉਜਾਗਰ ਕਰਨਾ ਹੈ।

**ਸਮੇਂ ਦਾ ਵੇਰਵਾ (Time lines)**

ਮੈਂ ਆਪਣੇ ਖੋਜ ਕਾਰਜ ਨੂੰ ਇਮਾਨਦਾਰੀ ਦੀ ਨੀਤੀ ਅਪਣਾਉਂਦੇ ਹੋਏ ਤਿੰਨ ਤੇ ਚਾਰ ਮਹੀਨਿਆਂ ਦੇ ਸਮੇਂ ਦੌਰਾਨ ਇਸ ਖੋਜ ਕਾਰਜ ਨੂੰ ਸੰਪੂਰਨ ਰੂਪ ਦੇ ਦਿੱਤਾ ਜਾਵੇਗਾ। ਇਸ ਸਮੇਂ ਦੌਰਾਨ ਦੋ ਮਹੀਨੇ ਅਧਿਆਇ ਪਹਿਲਾ ਸੰਪੂਰਨ ਕਰ ਦਿੱਤਾ ਜਾਵੇਗਾ। ਇਸ ਦੌਰਾਨ ਦੋ ਮਹੀਨੇ ਦੌਰਾਨ ਅਧਿਆਇ ਦੂਜਾ ਸੰਪੂਰਨ ਕਰ ਦਿੱਤਾ ਜਾਵੇਗਾ। ਇਸੇ ਤਰ੍ਹਾਂ ਅਧਿਆਇ ਤੀਜਾ ਦਲੀਪ ਕੌਰ ਟਿਵਾਣਾ ਦੇ ਨਾਵਲ 'ਜੇ ਕਿੱਧਰੇ ਰੱਬ ਟਕਰਾਜੇ' ਦਾ ਵਿਸ਼ੇਗਤ ਅਧਿਐਨ ਨੂੰ ਦੋ ਮਹੀਨੇ ਵਿੱਚ ਸੰਪੂਰਨ ਕੀਤਾ ਜਾਵੇਗਾ।

**ਖੋਜ ਵਿਧੀ (Research Methodology)**

ਕਿਸੇ ਵੀ ਖੋਜ ਕਾਰਜ ਨੂੰ ਨਿਯਮਬੱਧ ਤਰੀਕੇ ਨਾਲ ਸੰਪੂਰਨ ਕਰਨ ਲਈ ਕਿਸੇ ਨਾ ਕਿਸੇ ਵਿਧੀ ਦਾ ਪ੍ਰਯੋਗ ਕਰਨਾ ਲਾਜ਼ਮੀ ਹੁੰਦਾ ਹੈ। ਅਜੋਕੇ ਦੌਰ ਵਿੱਚ ਸਿਰਜਤ ਪਾਠ ਪ੍ਰਬੰਧਾਂ ਅਤੇ ਪ੍ਰਵਚਨਾ ਦੇ ਵਿਸ਼ਲੇਸ਼ਣ ਲਈ ਅਨੇਕਾਂ ਸਿਧਾਂਤਕ ਤੇ ਵਿਹਾਰਕ ਵਿਧੀਆਂ ਹੋਂਦ ਵਿੱਚ ਆਈਆਂ ਹਨ। ਮੈਂ ਇਸ ਪ੍ਰਮੁੱਖ ਸ਼ਰਤ ਅਧੀਨ ਆਪਣੇ ਖੋਜ ਕਾਰਜ ਪਾਠ-ਨਿਰਣਾ ਮੂਲਕ, ਸਮਾਜ-ਸ਼ਾਸ਼ਤਰੀ ਅਤੇ ਮਨੋਵਿਗਿਆਨੀਆਂ ਵਿਧੀਆਂ ਨੂੰ ਪ੍ਰਯੋਗ ਅਧੀਨ ਲਿਆਂਦਾ ਜਾਵੇਗਾ।

**ਅਸਥਾਈ ਵੰਡ (Tentative chapter plan)**

ਖੋਜ ਕਾਰਜ ਲਈ ਪ੍ਰਸਤਾਵਿਤ ਵਿਸ਼ ਦੀ ਅਸਥਾਈ ਵੰਡ ਨਿਮਨ ਲਿਖਤ ਅਨੁਸਾਰ ਹੈ। ਇਸ ਵਿੱਚ ਨਿਗਰਾਨ ਨਾਲ ਵਿਚਾਰ-ਵਟਾਂਦਰੇ ਕਰਦੇ ਸਮੇਂ ਕੁਝ ਤਬਦੀਲੀਆਂ ਦੀ ਸੰਭਾਵਨਾ ਬਣ ਸਕਦੀ ਹੈ।

ਅਧਿਆਇ ਪਹਿਲਾ

ਨਾਵਲ : ਸਿਧਾਂਤ, ਸਰੂਪ ਅਤੇ ਪਰਿਭਾਸ਼ਵਾਂ

ਪੰਜਾਬੀ ਨਾਵਲ : ਇਤਿਹਾਸਕ ਪਰਿਪੇਖ

ਅਧਿਆਇ ਦੂਜਾ

ਦਲੀਪ ਕੌਰ ਟਿਵਾਣ : ਜੀਵਨ ਅਤੇ ਸਿਰਜਣਾਤਮਕ ਸੰਸਾਰ

ਅਧਿਆਇ ਤੀਜਾ

ਦਲੀਪ ਕੌਰ ਟਿਵਾਣਾ ਦੇ ਨਾਵਲ ਜੇ ਕਿੱਧਰੇ ਰੱਬ ਟਕਰਾਜੇ ਦਾ ਵਿਸ਼ੇਗਤ ਅਧਿਐਨ

(ੳ) 1947 ਦੇ ਵਾਪਰੇ ਦੁਖਾਂਤ ਦੇ ਵੱਖ ਵੱਖ ਪ੍ਰਸੰਗਾਂ ਦੇ ਸੰਦਰਭ ’ਚ

(ਅ) ਔਰਤ ਦੀ ਤ੍ਰਾਸਦੀ ਦੇ ਪ੍ਰਸੰਗ ’ਚ

(ੲ) ਨਿਮਨ-ਕਿਰਸਾਨ ਦੀ ਜਨ-ਜੀਵਨ ਦੇ ਨੁਕਤਾ-ਨਿਗਾਹ ਤੋਂ

## ਪੁਸਤਕ ਸੂਚੀ- (**Bibliography**)


ਸੇਖੋਂ ਅਮਰਜੋਤ : ਪੰਜਾਬੀ ਨਾਵਲ ਦਾ ਇਤਿਹਾਸ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1986

ਸੇਖੋਂ ਰਾਜਿੰਦਰ ਸਿੰਘ : ਆਲੋਚਨਾ ਤੇ ਪੰਜਾਬੀ ਆਲੋਚਨਾ, ਲਾਹੌਰ ਬੁੱਕ ਸ਼ਾਪ, ਲੁਧਿਆਣਾ

ਕਸੇਲ ਕਿਰਪਾਲ ਸਿੰਘ : ਸਾਹਿਤ ਦੇ ਰੂਪ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1951

ਜੋਸ਼ੀ ਜੀਤ ਸਿੰਘ (ਡਾ.) : ਪੰਜਾਬੀ ਕਹਾਣੀ ਬਲਦੇਵ ਪਰਿਪੇਖ, ਪ੍ਰਕਾਸ਼ਨ ਵਾਰਿਸ਼ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1997

ਉਹੀ : ਪੰਜਾਬੀ ਅਧਿਐਨ ਤੇ ਅਧਿਆਪਨ, ਵਾਰਿਸ਼ ਸ਼ਾਹ, ਫਾਊਂਡੇਸ਼ਨ,ਅੰਮ੍ਰਿਤਸਰ, 2013

ਟਿਵਾਣਾ ਦਲੀਪ ਕੌਰ : ਏਹੁ ਹਮਾਰਾ ਜੀਵਣਾ, ਆਰਸੀ ਪਬਲੀਕੇਸ਼ਨ ਚਾਂਦਨੀ ਚੌਕ ਦਿੱਲੀ-6

ਉਹੀ : ਸੂਰਜ ਤੇ ਸਮੁੰਦਰ, ਆਰਸੀ ਪਬਲੀਕੇਸ਼ਨ, ਚਾਂਦਨੀ ਚੌਕ, ਦਿੱਲੀ-6

ਉਹੀ : ਭਰਿ ਸਰਵਰੁ, ਆਰਸੀ ਪਬਲੀਕੇਸ਼ਨ-51, ਪਰਦਾ ਬਾਗ਼ ਦਰਿਆਗੀਜ, ਨਵੀਂ ਦਿੱਲੀ-2

ਤਸਨੀਮ ਨਰਿੰਜਮ : ਆਧੁਨਿਕ ਪ੍ਰਵਿਰਤੀਆਂ ਅਤੇ ਪੰਜਾਬੀ ਨਾਵਲ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2005

ਧਰਮ ਸਿੰਘ (ਡਾ.) : ਪੰਜਾਬੀ ਖੋਜ ਸੰਦਰਭ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

ਉਹੀ : ਪੰਜਾਬੀ ਖੋਜ ਦਾ ਇਤਿਹਾਸ, ਪੰਜਾਬੀ ਸਾਹਿਤ ਅਕੈਡਮੀ, ਨਵੀਂ ਦਿੱਲੀ, 2013

ਨਸਰਾਲੀ ਬਲਜਿੰਦਰ : ਹਾਰੇ ਦੀ ਅੱਗ, ਜੈਨਸੰਨਜ ਪਬਲਿਸ਼ਰਜ, ਸਰਹਿੰਦ, 1990

ਉਹੀ : ਡਾਕਖਾਨਾ ਖਾਸ ਬਲਗੜ ਸਾਹਨੀ ਯਾਦਗਾਰ ਪ੍ਰਕਾਸ਼ਨ, ਚੰਡੀਗੜ੍ਹ, 1995

ਉਹੀ : ਵੀਹਵੀਂ ਸਦੀ ਦੀ ਆਖਰੀ ਕਥਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2004

ਉਹੀ : ਔਰਤ ਦੀ ਸ਼ਰਣ ਵਿੱਚ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ ਲੁਧਿਆਣਾ, 2015

ਪਿਆਰ ਸਿੰਘ (ਡਾ.) : ਖੋਜ ਸਿਧਾਂਤ ਤੇ ਵਿਵਹਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995

ਪਰਮਿੰਦਰ ਸਿੰਘ (ਡਾ.) : ਪੰਜਾਬੀ ਸਾਹਿਤ ਦੀ ਉਤਪੱਤੀ ਤੇ ਵਿਕਾਸ, ਲਾਹੌਰ ਬੁੱਕ ਸ਼ਾਪ ਲੁਧਿਆਣਾ, 2011

ਪ੍ਰਕਾਸ਼ ਸਿੰਘ ਜੰਮੂ : ਜਾਤ ਪ੍ਰਣਾਲੀ ਅਤੇ ਪੰਜਾਬੀ ਸਮਾਜ, ਪੰਜਾਬੀ ਅਕੈਡਮੀ ਆਫ਼ ਸੋਸ਼ਲਸਾਇਸਜ਼, ਜਲੰਧਰ

ਭਟਨਾਗਰ ਜੀ.ਐਸ : ਭਾਰਤੀ ਸਮਾਜ, ਪਬਲੀਕੇਸ਼ਨ, ਬਿਊਰੋ, ਪੰਜਾਬੀ ਯੂਨੀਵਸਸਿਟੀ

: ਪਟਿਆਲਾ

ਰਾਹੀ ਜੋਗਿੰਦਰ ਸਿੰਘ : ਮਸਲੇ ਗਲਪ ਦੇ ਨਾਨਕ ਸਿੰਘ ਪੁਸਤਕਾਲਾ, ਅੰਮ੍ਰਿਤਸਰ, 2004

ਉਹੀ : ਪੰਜਾਬੀ ਕਹਾਣੀ ਦਾ ਸਫ਼ਰ ਤੇ ਸ਼ਾਸਤਰ (ਭਾਗ ਪਹਿਲਾ)

ਉਹੀ : ਪੰਜਾਬੀ ਨਾਵਲ, ਨਾਨਕ ਸਿੰਘ ਪੁਸਤਕਾਲਾ, ਅੰਮ੍ਰਿਤਸਰ, 2006

ਰੌਣਕੀ ਰਾਮ : ਦਲਿਤ ਪਹਿਚਾਣ ਮੁਕਤੀ ਤੇ ਸ਼ਕਤੀਕਰਨ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ

ਵਿਨੋਦ ਟੀ.ਆਰ. ਡਾ. : ਆਉ ਨਾਵਲ ਪੜ੍ਹੀਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006


**ਪੰਜਾਬੀ ਪ੍ਰਤਿਕਾਵਾਂ:**


ਆਲੋਚਨਾ : ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ

ਸਮਕਾਲੀ ਸਾਹਿਤ : ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ।

ਖੋਜ ਪਤ੍ਰਿਕਾ : ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ